## ਅਧਿਆਇ 28

# ਭੇਟਾਂ ਸੰਬੰਧੀ ਬਿਧੀਆਂ (ਭਾਗ 1)

ਵਾਅਦੇ ਦੀ ਧਰਤੀ ਵਿਚ ਜੀਵਨ ਦੇ ਲਈ ਇਸਰਾਏਲੀਆਂ ਦੀ ਤਿਆਰੀ ਵਾਸਤੇ ਇਸ ਅਧਿਆਇ ਅਤੇ ਅਗਲੇ ਅਧਿਆਇ ਵਿਚ ਰੋਜ਼ਾਨਾ, ਹਫ਼ਤੇਵਾਰ, ਮਹੀਨੇਵਾਰ ਅਤੇ ਸਾਲਾਨਾ ਭੇਟਾਂ ਸੰਬੰਧੀ ਬਿਧੀਆਂ ਪ੍ਰਮੁੱਖ ਸਨ। ਇਕ ਵਾਰ ਜਦੋਂ ਪਰਮੇਸ਼ੁਰ ਦੀ ਪਰਜਾ ਉਸ ਦੇਸ ਵਿਚ ਦਾਖਲ ਹੋ ਜਾਂਦੀ, ਉਨ੍ਹਾਂ ਨੇ ਹਰ ਰੋਜ਼, ਦਿਨ ਵਿਚ ਦੋ ਵਾਰ (28:3-8); ਹਰ ਹਫ਼ਤੇ ਦੇ ਸਬਤ ਦੇ ਦਿਨ (28:9, 10); ਮਹੀਨਿਆਂ ਦੇ ਆਦ ਵਿਚ, ਹਰ ਮਹੀਨੇ (28:11-15); ਹਰ ਸਾਲ ਦੋ ਸਲਾਨਾ ਪਰਬਾਂ ਤੇ - ਪਸਾਹ ਤੇ (28:16-25) ਅਤੇ ਅਠਵਾਰਿਆਂ ਦੇ ਪਰਬ ਤੇ (28:26-31) ਭੇਟਾਂ ਲੈ ਕੇ ਆਉਣੀਆਂ ਸਨ।

ਜਿਵੇਂ ਡੇਹਰਾ ਉਜਾੜ ਵਿਚ ਇਸਰਾਏਲੀਆਂ ਦੇ ਡੇਰੇ ਦੇ ਕੇਂਦਰ ਵਿਚ ਸੀ, ਵਾਅਦੇ ਦੀ ਧਰਤੀ ਵਿਚ ਭੇਟਾਂ ਦੇ ਰਾਹੀਂ ਪਰਮੇਸ਼ੁਰ ਦੀ ਬੰਦਗੀ ਇਸਰਾਏਲੀਆਂ ਦੇ ਜੀਵਨ ਦੇ ਕੇਂਦਰ ਵਿਚ ਹੋਣੀ ਸੀ। ਇਸ ਤੋਂ ਇਲਾਵਾ, ਇਸਰਾਏਲੀਆਂ ਨੇ ਬੰਦਗੀ ਕਰਨ ਵਾਲੀ ਪਰਜਾ ਬਣਨਾ ਸੀ।

ਇਸ ਤੋਂ ਇਲਾਵਾ ਭੇਟਾਂ ਸੰਬੰਧੀ ਬਿਧੀਆਂ ਪੰਚਗ੍ਰੰਥ ਵਿਚ ਮਿਲਦੀਆਂ ਹਨ।[1] ਇਹ ਬਿਧੀਆਂ ਅਕਸਰ ਗਿਣਤੀ 28 ਅਤੇ 29 ਵਿਚ ਪਾਈਆਂ ਜਾਣ ਵਾਲੀਆਂ ਬਿਧੀਆਂ ਨੂੰ ਢੱਕ ਲੈਂਦੀਆਂ ਹਨ, ਪਰ ਗਿਣਤੀ ਵਿਚ ਜ਼ੋਰ ਵੱਖਰਾ ਹੈ। ਦੂਜੇ ਬੰਦਾਂ ਵਿਚ ਭੇਟਾਂ ਤੇ ਵਿਚਾਰ ਵਟਾਂਦਰਾ ਕਰਦਿਆਂ, ਕੇਂਦਰ-ਬਿੰਦੂ ਵਿਅਕਤੀਆਂ ਦੀ ਜ਼ਿੰਮੇਵਾਰੀ ਤੇ, ਜਾਂ ਅੱਗੇ ਆਉਣ ਵਾਲੀ ਵਿਧੀ ਤੇ, ਜਾਂ ਪਵਿੱਤਰ ਦਿਨਾਂ ਨੂੰ ਮੰਨਣ ਦੀ ਮਹੱਤਤਾ ਤੇ ਹੈ। ਗਿਣਤੀ 28 ਅਤੇ 29 ਵਿਚ ਪਾਈਆਂ ਜਾਣ ਵਾਲੀਆਂ ਬਿਧੀਆਂ ਭੇਟਾਂ ਦੀ ਗਿਣਤੀ, ਵਾਰਵਾਰਤਾ ਅਤੇ ਨਿਯਮਿਤਤਾ ਤੇ ਜ਼ੋਰ ਦਿੰਦੀਆਂ ਹਨ ਜੋ ਸਮੁੱਚੀ ਕੌਮ ਦੁਆਰਾ ਚੜ੍ਹਾਈਆਂ ਜਾਣੀਆਂ ਸਨ (ਵੇਖੋ *ਵਾਧੂ ਅਧਿਐਨ: ਗਿਣਤੀ 28 ਅਤੇ 29 ਵਿਚ ਲੋੜੀਂਦੀਆਂ ਭੇਟਾਂ*, ਸਫ਼ਾ 158)।

ਦੋ ਅਧਿਆਇ ਇਕ ਇਕਾਈ ਬਣਾਉਂਦੇ ਹਨ। ਵਰਣਨ ਕੀਤੇ ਗਏ ਵਿਸ਼ਿਆਂ ਨੂੰ ਹੇਠ ਲਿਖੇ ਅਨੁਸਾਰ ਸੰਗਠਿਤ ਕੀਤਾ ਜਾ ਸਕਦਾ ਹੈ:

*ਅਧਿਆਇ 28*

28:1, 2 ਜਾਣ-ਪਛਾਣ
28:3-8 ਰੋਜ਼ਾਨਾਂ ਦੀਆਂ ਭੇਟਾਂ
28:9, 10 ਹਫ਼ਤੇਵਾਰ (ਸਬਤ) ਭੇਟਾਂ
28:11-15 ਮਹੀਨੇਵਾਰ ਭੇਟਾਂ
28:16-31 ਸਾਲਾਨਾ ਭੇਟਾਂ
 28:16-25 ਪਸਾਹ ਅਤੇ ਪਤੀਰੀ ਰੋਟੀ ਦਾ ਪਰਬ
 28:26-31 ਅਠਵਾਰਿਆਂ ਦਾ ਪਰਬ

*ਅਧਿਆਇ 29*

29:1-38 ਸਾਲਾਨਾ ਭੇਟਾਂ (ਜਾਰੀ)
 29:1-6 ਤੁਰ੍ਹੀਆਂ ਦਾ ਪਰਬ
 29:7-11 ਪਰਾਸਚਿਤ ਦਾ ਦਿਨ
 29:12-38 ਡੇਰਿਆਂ ਦਾ ਪਰਬ[2]
29:39, 40 ਸਿੱਟਾ

## ਜਾਣ-ਪਛਾਣ (28:1, 2)

**[1]ਯਹੋਵਾਹ ਮੂਸਾ ਨੂੰ ਬੋਲਿਆ, [2]ਤੂੰ ਇਸਰਾਏਲੀਆਂ ਨੂੰ ਹੁਕਮ ਦੇ ਕੇ ਉਨ੍ਹਾਂ ਨੂੰ ਆਖ ਭਈ ਮੇਰਾ ਚੜ੍ਹਾਵਾ ਅਰਥਾਤ ਮੇਰਾ ਪਰਸ਼ਾਦ ਅੱਗ ਦੀ ਭੇਟ ਲਈ ਜਿਹੜੀ ਮੇਰੇ ਲਈ ਸੁਗੰਧਤਾ ਹੋਵੇ ਚੇਤੇ ਰੱਖੋ ਤਾਂ ਜੋ ਠਹਿਰਾਏ ਹੋਏ ਸਮੇਂ ਉੱਤੇ ਤੁਸੀਂ ਮੇਰੇ ਲਈ ਚੜ੍ਹਾਇਆ ਕਰੋ।**

**ਆਇਤਾਂ 1, 2.** ਇਹ ਸ਼ੁਰੂਆਤੀ ਵਾਕ ਇਕ ਤਰ੍ਹਾਂ ਦੀ ਚਿਤਾਵਨੀ ਹੈ। ਮੂਸਾ ਦੇ ਰਾਹੀਂ ਯਹੋਵਾਹ ਨੇ ਇਸਰਾਏਲੀਆਂ ਨੂੰ ਹਦਾਇਤ ਦਿੱਤੀ, **ਮੇਰਾ ਚੜ੍ਹਾਵਾ ... ਮੇਰਾ ਪਰਸ਼ਾਦ ਅੱਗ ਦੀ ਭੇਟ ਲਈ ਜਿਹੜੀ ਮੇਰੇ ਲਈ ਸੁਗੰਧਤਾ ਹੋਵੇ ... ਠਹਿਰਾਏ ਹੋਏ ਸਮੇਂ ਉੱਤੇ ਤੁਸੀਂ ਮੇਰੇ ਲਈ ਚੜ੍ਹਾਇਆ ਕਰੋ**। "ਮੇਰੇ ਲਈ ਸੁਗੰਧਤਾ ਹੋਵੇ" ਵਾਕ ਮਾਨਵਰੂਪੀ ਭਾਸ਼ਾ ਵਰਤਦਾ ਹੈ ਅਤੇ ਪਰਮੇਸ਼ੁਰ ਦੇ ਵਿਖੇ ਇਸ ਤਰ੍ਹਾਂ ਬੋਲਦਾ ਹੈ ਜਿਵੇਂ ਕਿ ਉਹ ਇਹ ਮਨੁੱਖ ਸੀ। ਅੱਗੇ ਆਉਣ ਵਾਲੀਆਂ ਹਦਾਇਤਾਂ ਉਨ੍ਹਾਂ ਭੇਟਾਂ ਨਾਲ ਸੰਬੰਧ ਰੱਖਦੀਆਂ ਹਨ ਜੋ ਉਸ ਸਮੇਂ ਇਸਰਾਏਲੀਆਂ ਦੁਆਰਾ ਲਿਆਂਦੀਆਂ ਜਾਣੀਆਂ ਸਨ ਜੋ ਪਰਮੇਸ਼ੁਰ ਨੇ ਨਿਰਧਾਰਤ ਕੀਤਾ ਸੀ। ਇਹ ਹਦਾਇਤਾਂ ਖੁਦ ਪਰਮੇਸ਼ੁਰ ਨੇ ਦਿੱਤੀਆਂ ਸਨ। 28 ਅਤੇ 29 ਅਧਿਆਇ ਵੇਰਵੇ ਦਿੰਦੇ ਹਨ ਜਿਵੇਂ ਕਿ ਹਰ "ਠਹਿਰਾਏ ਹੋਏ ਸਮੇਂ" ਤੇ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਦੇ ਲਈ ਕਿਹੜੀਆਂ ਹੋਮ ਦੀਆਂ ਭੇਟਾਂ ਚੜ੍ਹਾਉਣ ਦੀ ਲੋੜ ਸੀ।

## ਰੋਜ਼ਾਨਾ ਦੀਆਂ ਭੇਟਾਂ (28:3-8)

**[3]ਅਤੇ ਤੂੰ ਉਨ੍ਹਾਂ ਨੂੰ ਆਖੀਂ, ਅੱਗ ਦੀ ਭੇਟ ਏਹ ਹੈ ਜਿਹੜੀ ਤੁਸੀਂ ਯਹੋਵਾਹ ਲਈ ਚੜ੍ਹਾਓ, ਇੱਕ ਸਾਲੇ ਲੇਲੇ ਬੱਜ ਤੋਂ ਰਹਿਤ ਨਿੱਤ ਦੋ ਦੋ ਸਦਾ ਦੀ ਹੋਮ ਬਲੀ ਲਈ। [4]ਇੱਕ ਲੇਲਾ ਤੂੰ ਸਵੇਰ ਨੂੰ ਚੜ੍ਹਾ ਅਤੇ ਦੂਜਾ ਲੇਲਾ ਤੂੰ ਸ਼ਾਮਾਂ ਨੂੰ ਚੜ੍ਹਾ। [5]ਨਾਲੇ ਏਫੇ ਦਾ ਦਸਵੰਧ ਮੈਦੇ ਦਾ ਮੈਦੇ ਦੀ ਭੇਟ ਲਈ ਖ਼ਾਲਸ ਤੇਲ ਦੇ ਹੀਨ ਦੀ ਚੌਥਾਈ ਵਿੱਚ ਮਿਲਿਆ ਹੋਇਆ। [6]ਏਹ ਅਖੰਡ**

**ਹੋਮ ਬਲੀ ਹੈ ਜਿਹੜੀ ਸੀਨਈ ਦੇ ਪਹਾੜ ਉੱਤੇ ਠਹਿਰਾਈ ਗਈ ਕਿ ਉਹ ਯਹੋਵਾਹ ਲਈ ਸੁਗੰਧਤਾ ਦੀ ਅੱਗ ਦੀ ਬਲੀ ਹੋਵੇ। [7]ਉਹ ਦੇ ਪੀਣ ਦੀ ਭੇਟ ਹੀਨ ਦੀ ਚੌਥਾਈ ਇੱਕ ਲੇਲੇ ਲਈ ਹੋਵੇ ਅਤੇ ਪਵਿੱਤ੍ਰ ਅਸਥਾਨ ਵਿੱਚ ਤੂੰ ਉਹ ਨੂੰ ਯਹੋਵਾਹ ਦੇ ਲਈ ਤੁੰਦ ਮਧ ਦੇ ਪੀਣ ਦੀ ਭੇਟ ਕਰਕੇ ਡੋਹਲ ਦੇਈਂ। [8]ਅਤੇ ਦੂਜਾ ਲੇਲਾ ਸ਼ਾਮਾਂ ਨੂੰ ਚੜ੍ਹਾਈਂ। ਸਵੇਰ ਦੇ ਮੈਦੇ ਦੀ ਭੇਟ ਵਾਂਙੁ ਅਤੇ ਉਸ ਦੇ ਪੀਣ ਦੀ ਭੇਟ ਵਾਂਙੁ ਯਹੋਵਾਹ ਲਈ ਸੁਗੰਧਤਾ ਦੀ ਅੱਗ ਦੀ ਭੇਟ ਕਰਕੇ ਚੜ੍ਹਾਈਂ।**

**ਆਇਤ 3.** ਪਰਮੇਸ਼ੁਰ ਨੇ ਇਸਰਾਏਲੀਆਂ ਨੂੰ **ਨਿੱਤ ਦੋ ... ਲੇਲੇ ਚੜ੍ਹਾਉਣ** ਦੀ ਹਦਾਇਤ ਦਿੱਤੀ ਸੀ। ਇਹ ਲੇਲੇ, ਨਾਲੇ ਉਹ ਬਾਕੀ ਸਾਰੇ ਲੇਲੇ ਜਿਨ੍ਹਾਂ ਦੇ ਬਾਰੇ ਇਨ੍ਹਾਂ ਦੋਵਾਂ ਅਧਿਆਵਾਂ ਵਿਚ ਗੱਲ ਕੀਤੀ ਗਈ ਹੈ, **ਬੱਜ ਤੋਂ ਰਹਿਤ** ਹੋਣੇ ਚਾਹੀਦੇ ਸਨ। ਵਰਣਨ ਕੀਤੀ ਗਈ ਭੇਟ ਸਦਾ ਦੀ ਹੋਮ ਬਲੀ ਹੋਣੀ ਚਾਹੀਦੀ ਸੀ (28:6, 10, 15, 23, 24, 31)।

**ਆਇਤ 4. ਇੱਕ ਲੇਲਾ ਸਵੇਰ ਨੂੰ ਅਤੇ ਦੂਜਾ ਲੇਲਾ ... ਸ਼ਾਮਾਂ ਨੂੰ** ਚੜ੍ਹਾਇਆ ਜਾਣਾ ਸੀ। ਸ਼ਾਬਦਿਕ ਤੌਰ ਤੇ, "ਸ਼ਾਮਾਂ" ਦਾ ਅਰਥ "ਸ਼ਾਮਾਂ ਦੇ ਵਿਚਕਾਰ" ਹੁੰਦਾ ਹੈ।[3] ਸਪੱਸ਼ਟ ਤੌਰ ਤੇ, ਸਮਾਂ ਜਿਸ ਦਾ ਹਵਾਲਾ ਦਿੱਤਾ ਗਿਆ ਸੀ ਸੂਰਜ ਡੁੱਬਣ ਅਤੇ ਰਾਤ ਪੈਣ ਤੋਂ ਪਹਿਲਾਂ ਦਾ ਸਮਾਂ ਸੀ।

**ਆਇਤਾਂ 5, 6.** ਇਹ ਭੇਟਾਂ **ਮੈਦੇ ਦਾ ਮੈਦੇ ਦੀ ਭੇਟ** ਦੇ ਉਚਿਤ ਮਾਪ ਅਤੇ **ਖ਼ਾਲਸ ਤੇਲ** ਦੀ ਦੱਸੀ ਗਈ ਮਾਤਰਾ ਦੇ ਨਾਲ ਚੜ੍ਹਾਈਆਂ ਜਾਣੀਆਂ ਸਨ। ਫੇਰ, ਇਸ ਨੂੰ **ਅਖੰਡ ਹੋਮ ਬਲੀ** ਕਿਹਾ ਗਿਆ ਹੈ। ਜੇਕਰ ਇਸ ਨੂੰ ਵਫ਼ਾਦਾਰੀ ਨਾਲ ਚੜ੍ਹਾਇਆ ਜਾਵੇ, ਉਸ ਤਰੀਕੇ ਅਨੁਸਾਰ ਜੋ ਪਰਮੇਸ਼ੁਰ ਨੇ **ਸੀਨਈ ਦੇ ਪਹਾੜ** (ਕੂਚ 29:38-42) ਉੱਤੇ **ਠਹਿਰਾਇਆ** ਸੀ, ਇਹ ਅਖੰਡ **ਅੱਗ ਦੀ ਬਲੀ ਯਹੋਵਾਹ ਲਈ ... ਸੁਗੰਧਤਾ** ਦੇ ਸਕਦੀ ਹੈ।

**ਆਇਤ 7. ਹਰ ਇੱਕ ਲੇਲੇ** ਦੇ ਨਾਲ, **ਪੀਣ ਦੀ ਭੇਟ** ਜਿਸ ਵਿਚ **ਤੁੰਦ ਮਧ ਹੀਨ ਦੀ ਚੌਥਾਈ** ਸ਼ਾਮਲ ਸੀ ਚੜ੍ਹਾਈ ਜਾਣੀ ਸੀ। ਇਹ ਹੁਕਮ ਇਸ ਲਈ ਦੂਜੀਆਂ ਭੇਟਾਂ ਦੇ ਲਈ ਕੀਤੀਆਂ ਗਈਆਂ ਮੰਗਾਂ ਨਾਲੋਂ ਵੱਖਰਾ ਸੀ ਕਿਉਂਕਿ ਇਹ **ਪੀਣ ਦੀ ਭੇਟ** ਕਰਕੇ "ਤੁੰਦ ਮਧ" (שֵׁכָר, *ਸ਼ੇਕਰ)* ਨੂੰ **ਡੋਹਲਣ** ਦੀ ਮੰਗ ਕਰਦਾ ਸੀ। ਇਹ **ਪਵਿੱਤ੍ਰ ਅਸਥਾਨ ਵਿੱਚ** ਕੀਤਾ ਜਾਣਾ ਸੀ। ਇਸ ਤੱਥ ਤੇ ਵਿਚਾਰ ਕਰਦਿਆਂ ਕਿ 15:5 ਹੀਨ ਦੀ ਚੌਥਾਈ ਮਧ ਹਰ ਇਕ ਲੇਲੇ ਦੇ ਨਾਲ ਪੀਣ ਦੀ ਭੇਟ ਦੇ ਰੂਪ ਵਿਚ ਚੜ੍ਹਾਉਣ ਦੀ ਮੰਗ ਕਰਦੀ ਸੀ, ਇਸ "ਤੁੰਦ ਮਧ" ਭੇਟ ਦੀ ਮੰਗ ਮਧ ਦੀ "ਪੀਣ ਦੀ ਭੇਟ" ਤੋਂ ਇਲਾਵਾ ਕੀਤੀ ਗਈ ਹੋਵੇਗੀ। ਇਹ ਦੱਸਣਾ ਮੁਸ਼ਕਲ ਹੈ ਕਿ ਇਸ ਮਧ ਦੀ ਕਿਸਮ ਦਾ ਕੀ ਅਰਥ ਹੈ। ਇਸ ਦੀ ਵਿਆਖਿਆ ਬੀਅਰ ਜਾਂ ਕਿਸੇ ਹੋਰ ਨਸ਼ੀਲੀ ਮਧ ਦੇ ਰੂਪ ਵਿਚ ਕੀਤੀ ਗਈ ਹੈ। ਕੀ ਪਵਿੱਤਰ ਅਸਥਾਨ ਵਿਚ ਨਸ਼ੀਲੀ ਮਧ ਦੀ ਵਰਤੋਂ ਬਿਵਸਥਾ ਦੀਆਂ ਹੋਰ ਮੰਗਾਂ ਨਾਲ ਮੇਲ ਨਹੀਂ ਖਾਦੀ? ਰੌਏ ਗੇਨ ਨੇ ਸੋਚਿਆ ਕਿ "ਤੁੰਦ ਮਧ" ਦੀ ਸ਼ਰਾਬ ਪਵਿੱਤਰ ਅਸਥਾਨ ਵਿਚ ਸੋਨੇ ਦੀ ਮੇਜ਼ ਉੱਤੇ ਸੋਨੇ ਦਿਆਂ ਭਾਂਡਿਆਂ ਵਿਚ ਡੋਹਲੀ ਜਾਂਦੀ ਸੀ ਅਤੇ ਦਿਨ ਵਿਚ ਦੋ ਵਾਰ ਬਦਲੀ ਜਾਂਦੀ ਸੀ।[4] ਇਸ ਦੇ ਉਲਟ, ਟਿਮੋਥੀ ਆਰ. ਐਸ਼ਲੀ ਨੇ "ਪਵਿੱਤਰ ਅਸਥਾਨ" ਨੂੰ ਡੇਹਰੇ ਦੇ ਆਲੇ-ਦੁਆਲੇ ਚੌਪਟੇ ਲਈ ਇਕ ਸਧਾਰਨ ਨਾਂ ਨਾਲ ਸਮਝਿਆ ਸੀ (ਵੇਖੋ ਲੇਵੀਆਂ 6:16, 26)।[5]

ਹਰ ਪਸ਼ੂ ਮੈਦੇ, ਤੇਲ ਅਤੇ ਮਧ ਦੇ ਮਾਪ ਨਾਲ ਚੜ੍ਹਾਇਆ ਜਾਂਦਾ ਸੀ। ਹਰ ਹੋਮ ਬਲੀ ਨਾਲ ਮੈਦੇ ਦੀਆਂ ਭੇਟਾਂ ਅਤੇ ਪੀਣ ਦੀਆਂ ਭੇਟਾਂ ਜਿਨ੍ਹਾਂ ਦੀ ਗੱਲ 28 ਅਤੇ 29 ਅਧਿਆਵਾਂ ਵਿਚ ਕੀਤੀ ਗਈ ਹੈ ਉਨ੍ਹਾਂ ਭੇਟਾਂ ਨਾਲ ਮੇਲ ਖਾਂਦੀਆਂ ਹਨ ਜਿਨ੍ਹਾਂ ਦੇ ਬਾਰੇ ਅਧਿਆਇ 15 ਵਿਚ ਦੱਸਿਆ ਗਿਆ ਹੈ।

**ਆਇਤ 8. ਸਵੇਰ** ਨੂੰ ਜਿਸ ਵਿਧੀ ਦਾ ਪਾਲਣ ਕੀਤਾ ਜਾਂਦਾ ਸੀ ਉਹੀ ਵਿਧੀ **ਦੂਜੇ ਲੇਲੇ** ਨਾਲ, **ਮੈਦੇ ਦੀ ਭੇਟ** ਦੇ ਨਾਲ-ਨਾਲ **ਪੀਣ ਦੇ ਭੇਟ** ਦੇ ਨਾਲ **ਸ਼ਾਮਾਂ** ਨੂੰ ਦੁਹਰਾਈ ਜਾਂਦੀ ਸੀ। ਫੇਰ, ਇਹ ਦੱਸਿਆ ਗਿਆ ਹੈ ਕਿ ਇਹ **ਅੱਗ ਦੀ ਭੇਟ ਯਹੋਵਾਹ ਲਈ ਸੁਗੰਧਤਾ** ਦੇ ਰੂਪ ਵਿਚ ਕੰਮ ਕਰੇਗੀ।

## ਹਫ਼ਤੇਵਾਰ ਭੇਟਾਂ (28:9, 10)

**[9]ਅਤੇ ਸਬਤ ਦੇ ਦਿਨ ਤੂੰ ਦੋ ਇੱਕ ਸਾਲੇ ਲੇਲੇ ਬੱਜ ਤੋਂ ਰਹਿਤ ਤੇਲ ਮਿਲੇ ਹੋਏ ਮੈਦੇ ਦੇ ਦੋ ਦਸਵੰਧ ਮੈਦੇ ਦੀ ਬਲੀ ਲਈ ਨਾਲੇ ਉਸ ਦੇ ਪੀਣ ਦੀ ਭੇਟ ਚੜ੍ਹਾਓ। [10]ਏਹ ਹਰ ਸਬਤ ਦੀ ਹੋਮ ਦੀ ਬਲੀ ਹੋਵੇ, ਨਾਲੇ ਅਖੰਡ ਹੋਮ ਦੀ ਬਲੀ ਅਤੇ ਉਸ ਦੇ ਪੀਣ ਦੀ ਭੇਟ ਹੋਵੇ।**

**ਆਇਤ 9.** ਰੋਜ਼ਾਨਾ ਦੀ ਭੇਟ ਤੋਂ ਇਲਾਵਾ, **ਹਰ ਸਬਤ ਦੇ ਦਿਨ ਦੋ ਲੇਲੇ** ਚੜ੍ਹਾਏ ਜਾਣੇ ਸਨ, **ਤੇਲ ਮਿਲੇ ਹੋਏ ਮੈਦੇ ਦੇ ਮੈਦੇ ਦੀ ਬਲੀ** ਅਤੇ **ਪੀਣ ਦੀ ਭੇਟ** ਦੇ ਨਾਲ। ਆਮ ਤੌਰ ਤੇ ਇਹ ਕਲਪਨਾ ਕੀਤੀ ਜਾਂਦੀ ਹੈ ਕਿ ਉਨ੍ਹਾਂ ਦਿਨਾਂ ਤੇ ਜਦੋਂ ਵਾਧੂ ਭੇਟਾਂ ਦੀ ਮੰਗ ਕੀਤੀ ਗਈ ਸੀ, ਇਹ ਬਾਕਾਇਦਾ ਰੋਜ਼ਾਨਾ ਦੀ ਸਵੇਰ ਦੀ ਭੇਟ ਤੋਂ ਤੁਰੰਤ ਬਾਅਦ ਚੜ੍ਹਾਈਆਂ ਗਈਆਂ ਸਨ।

**ਆਇਤ 10.** ਆਇਤ 9 ਵਿਚ ਜਿਹੜੀ **ਹੋਮ ਦੀ ਬਲੀ** ਦਾ ਵਰਣਨ ਕੀਤਾ ਗਿਆ ਸੀ **ਹਰ ਸਬਤ ਤੇ ਅਖੰਡ ਹੋਮ ਦੀ ਬਲੀ** [ਬਲੀਆਂ] ਤੋਂ ਇਲਾਵਾ ਚੜ੍ਹਾਈ ਜਾਣੀ ਸੀ ਜੋ ਰੋਜ਼ਾਨਾ ਚੜ੍ਹਾਈਆਂ ਜਾਂਦੀਆਂ ਸਨ। ਨਿਯਮਤ ਭੇਟਾਂ ਦੇ ਵਾਂਗ ਜਿਨ੍ਹਾਂ ਦਾ ਵੇਰਵਾ 1 ਤੋਂ 8 ਆਇਤਾਂ ਵਿਚ ਦਿੱਤਾ ਗਿਆ ਹੈ, ਇਸ ਦੇ ਨਾਲ **ਪੀਣ ਦੀ ਭੇਟ** ਚੜ੍ਹਾਈ ਜਾਣੀ ਸੀ।

## ਮਹੀਨੇਵਾਰ ਭੇਟਾਂ (28:11-15)

**[11]ਆਪਣੇ ਮਹੀਨਿਆਂ ਦੇ ਆਦ ਵਿੱਚ ਤੁਸੀਂ ਯਹੋਵਾਹ ਲਈ ਹੋਮ ਦੀ ਬਲੀ ਲਈ ਦੋ ਵਹਿੜੇ ਅਤੇ ਇੱਕ ਛੱਤ੍ਰਾ ਅਤੇ ਸੱਤ ਇੱਕ ਸਾਲੇ ਲੇਲੇ ਬੱਜ ਤੋਂ ਰਹਿਤ ਚੜ੍ਹਾਇਆ ਕਰੋ। [12]ਅਤੇ ਹਰ ਇੱਕ ਵਹਿੜੇ ਦੇ ਮੈਦੇ ਦੀ ਭੇਟ ਲਈ ਤਿੰਨ ਦਸਵੰਧ ਤੇਲ ਮਿਲੇ ਹੋਏ ਮੈਦੇ ਦੇ ਹੋਣ ਅਤੇ ਹਰ ਛੱਤ੍ਰੇ ਦੇ ਮੈਦੇ ਦੀ ਭੇਟ ਲਈ ਦੋ ਦਸਵੰਧ ਤੇਲ ਮਿਲੇ ਹੋਏ ਮੈਦੇ ਦੇ ਹੋਣ। [13]ਹਰ ਲੇਲੇ ਦੇ ਮੈਦੇ ਦੀ ਭੇਟ ਲਈ ਇੱਕ ਦਸਵੰਧ ਮੈਦੇ ਦਾ ਤੇਲ ਮਿਲਿਆ ਹੋਇਆ ਹੋਵੇ। ਏਹ ਹੋਮ ਦੀ ਬਲੀ ਯਹੋਵਾਹ ਲਈ ਸੁਗੰਧਤਾ ਦੀ ਅੱਗ ਦੀ ਭੇਟ ਹੋਵੇਗੀ। [14]ਉਨ੍ਹਾਂ ਦੇ ਪੀਣ ਦੀਆਂ ਭੇਟਾਂ ਹਰ ਵਹਿੜੇ ਲਈ ਅੱਧਾ ਹੀਨ ਮਧ ਅਤੇ ਹਰ ਛੱਤ੍ਰੇ ਲਈ ਹੀਨ ਦੀ ਤਿਹਾਈ ਅਤੇ ਹਰ ਲੇਲੇ ਲਈ ਹੀਨ ਦੀ ਚੌਥਾਈ ਹੋਵੇ। ਏਹ ਸਾਰੇ ਵਰ੍ਹੇ ਦੇ ਹਰ ਮਹੀਨੇ ਦੀ ਹੋਮ ਦੀ ਬਲੀ ਹੋਵੇ। [15]ਅਤੇ ਯਹੋਵਾਹ ਲਈ ਪਾਪ ਦੀ ਬਲੀ ਇੱਕ ਬੱਕਰਾ ਹੋਵੇ। ਅਖੰਡ ਹੋਮ ਦੀ ਬਲੀ ਦੇ ਨਾਲ ਏਹ ਅਤੇ ਉਸ ਦੇ ਪੀਣ ਦੀ ਭੇਟ ਚੜ੍ਹਾਈ ਜਾਵੇ।**

**ਆਇਤ 11.** ਇਬਰਾਨੀ ਕਲੰਡਰ ਦੇ **ਮਹੀਨਿਆਂ ਦੇ ਆਦ ਵਿੱਚ**, ਵਾਧੂ **ਹੋਮ ਦੀ ਬਲੀ** [ਬਲੀਆਂ] ਦੀ ਮੰਗ ਕੀਤੀ ਗਈ ਸੀ। ਚੰਦ ਕਲੰਡਰ ਦੀ ਵਰਤੋਂ ਕਰਦਿਆਂ, ਮਹੀਨਾ ਉਸ ਸਮੇਂ ਸ਼ੁਰੂ ਹੋਇਆ ਸੀ ਜਦੋਂ ਚੰਦ ਦਾ ਪਹਿਲਾ ਹਿੱਸਾ ਵਿਖਿਆ ਸੀ। ਇਸੇ ਕਰਕੇ, ਪੁਰਾਣੇ ਨੇਮ ਵਿਚ ਹੋਰ ਕਿਤੇ ਪਵਿੱਤਰ ਦਿਨ ਦਾ "ਨਵਾਂ ਚੰਦ" ਪਰਬ ਦੇ ਰੂਪ ਵਿਚ ਹਵਾਲਾ ਦਿੱਤਾ ਗਿਆ ਹੈ। ਇਸ ਪਰਬ ਦੇ ਦੌਰਾਨ ਵਾਧੂ ਬਲੀਆਂ ਦੀ ਮੰਗ ਕੀਤੀ ਗਈ ਸੀ, ਜਿਵੇਂ ਪਤੀਰੀ ਰੋਟੀ ਦੇ ਪਰਬ ਅਤੇ ਅਠਵਾਰਿਆਂ ਦੇ ਪਰਬ ਤੇ ਕੀਤੀ ਗਈ ਸੀ। ਨਵਾਂ ਚੰਦ ਪਰਬ ਪਰਿਵਾਰਕ ਬੰਦਗੀ ਦਾ ਇਕ ਸਮਾਂ ਸੀ (1 ਸਮੂਏਲ 20:5, 6; 2 ਰਾਜਿਆਂ 4:23)। ਇਸ ਪਰਬ ਦੇ ਲਈ ਵੇਚਣ

ਖਰੀਦਣ ਅਤੇ ਵੇਚਣ ਦੀ ਮਨਾਹੀ ਸੀ, ਜਿਵੇਂ ਕਿ ਸਬਤ ਦੇ ਦਿਨ ਸੀ (ਆਮੋਸ 8:5)।[6] ਗਿਣਤੀ 10:10 ਮੰਗ ਕਰਦੀ ਸੀ ਕਿ ਮਹੀਨਿਆਂ ਦੇ ਅਰੰਭ ਵਿਚ ਤੁਰ੍ਹੀਆਂ ਵਜਾਈਆਂ ਜਾਣ। ਮਹੀਨਿਆਂ ਦੇ ਆਦ ਦੀਆਂ ਭੇਟਾਂ ਵਿਚ ਸ਼ਾਮਲ ਸਨ **ਦੋ ਵਹਿੜੇ**, **ਇੱਕ ਛੱਤ੍ਰਾ** ਅਤੇ **ਸੱਤ ਇੱਕ ਸਾਲੇ ਲੇਲੇ ਬੱਜ ਤੋਂ ਰਹਿਤ**।

**ਆਇਤਾਂ 12, 13.** ਪਸ਼ੂਆਂ ਦੀਆਂ ਬਲੀਆਂ ਦੇ ਨਾਲ-ਨਾਲ, ਦਿੱਤੀਆਂ ਗਈਆਂ ਹਦਾਇਤਾਂ **ਮੈਦੇ ਦੀ ਭੇਟ** [ਭੇਟਾਂ] ਦਾ ਹੁਕਮ ਦਿੰਦੀਆਂ ਸਨ। ਹਰੇਕ **ਵਹਿੜਾ**, **ਛੱਤ੍ਰਾ** ਅਤੇ ਹਰੇਕ **ਲੇਲਾ ਤੇਲ ਮਿਲੇ ਹੋਏ ਮੈਦੇ** ਦੇ ਕਿਸੇ ਮਾਪ ਨਾਲ ਚੜ੍ਹਾਇਆ ਜਾਣਾ ਸੀ। ਇਸ ਨੇ **ਹੋਮ ਦੀ ਬਲੀ ਨੂੰ ਯਹੋਵਾਹ ਦੇ ਲਈ ਸੁਗੰਧਤਾ** ਬਣਾਉਣਾ ਸੀ।

**ਆਇਤਾਂ 14, 15.** ਹੁਕਮ ਵਿਚ, ਹਰ ਪਸੂ ਦੇ ਲਈ ਦੱਸੀ ਗਈ ਮਾਤਰਾ ਵਿਚ **ਪੀਣ ਦੀਆਂ ਭੇਟਾਂ** ਨੂੰ ਵੀ ਸ਼ਾਮਲ ਕੀਤਾ ਗਿਆ ਸੀ। **ਪੀਣ ਦੀ ਭੇਟ** ਦੇ ਨਾਲ ਇਕ **ਬੱਕਰਾ ਪਾਪ ਦੀ ਬਲੀ**, ਜਾਂ ਦੋਸ਼ ਬਲੀ ਦੇ ਰੂਪ ਵਿਚ ਚੜ੍ਹਾਇਆ ਜਾਣਾ ਸੀ। ਇਹ ਭੇਟਾਂ ਨਿਯਮਤ ਰੋਜ਼ਾਨਾ ਦੀਆਂ ਭੇਟਾਂ ਤੋਂ ਇਲਾਵਾ **ਵਰ੍ਹੇ ਦੇ ਹਰ ਮਹੀਨੇ** ਦਿੱਤੀਆਂ ਜਾਣੀਆਂ ਸਨ।

## ਸਾਲਾਨਾ ਭੇਟਾਂ (28:16-31)

### ਪਸਾਹ ਅਤੇ ਪਤੀਰੀ ਰੋਟੀ ਦਾ ਪਰਬ (28:16-25)

**16ਅਤੇ ਪਹਿਲੇ ਮਹੀਨੇ ਦੇ ਚੌਧਵੇਂ ਦਿਨ ਯਹੋਵਾਹ ਦੀ ਪਸਾਹ ਹੋਵੇ। 17ਅਤੇ ਏਸੇ ਮਹੀਨੇ
ਦੇ ਪੰਦਰਵੇਂ ਦਿਨ ਇੱਕ ਪਰਬ ਹੋਵੇ ਅਤੇ ਸੱਤ ਦਿਨ ਤੀਕ ਪਤੀਰੀ ਰੋਟੀ ਖਾਧੀ ਜਾਵੇ।
18ਪਹਿਲੇ ਦਿਨ ਇੱਕ ਪਵਿੱਤ੍ਰ ਸਭਾ ਹੋਵੇ। ਤੁਸੀਂ ਕੋਈ ਕੰਮ ਧੰਦਾ ਨਾ ਕਰਨਾ। 19ਪਰ ਤੁਸੀਂ
ਅੱਗ ਦੀ ਭੇਟ ਚੜ੍ਹਾਇਓ ਜਿਹੜੀ ਯਹੋਵਾਹ ਲਈ ਹੋਮ ਦੀ ਬਲੀ ਹੋਵੇ। ਦੋ ਵਹਿੜੇ, ਇੱਕ
ਛੱਤ੍ਰਾ ਅਤੇ ਸੱਤ ਇੱਕ ਸਾਲੇ ਲੇਲੇ ਏਹ ਤੁਹਾਡੇ ਬੱਜ ਤੋਂ ਰਹਿਤ ਹੋਣ। 20ਅਤੇ ਉਨ੍ਹਾਂ ਦੇ ਮੈਦੇ
ਦੀ ਭੇਟ ਤੇਲ ਮਿਲੇ ਹੋਏ ਮੈਦੇ ਦੀ ਹੋਵੇ। ਹਰ ਵਹਿੜੇ ਲਈ ਤਿੰਨ ਦਸਵੰਧ, ਹਰ ਛੱਤ੍ਰੇ ਲਈ
ਦੋ ਦਸਵੰਧ ਚੜ੍ਹਾਓ। 21ਤੂੰ ਸੱਤਾਂ ਲੇਲਿਆਂ ਵਿੱਚੋਂ ਹਰ ਲੇਲੇ ਲਈ ਇੱਕ ਦਸਵੰਧ ਚੜ੍ਹਾ। 22ਅਤੇ
ਇੱਕ ਬੱਕਰਾ ਤੁਹਾਡੇ ਪਰਾਸਚਿਤ ਲਈ ਪਾਪ ਦੀ ਬਲੀ ਹੋਵੇ। 23ਅਤੇ ਸਵੇਰ ਦੀ ਹੋਮ ਦੀ
ਬਲੀ ਬਿਨਾ ਜਿਹੜੀ ਅਖੰਡ ਹੋਮ ਬਲੀ ਹੈ ਤੁਸੀਂ ਇਨ੍ਹਾਂ ਨੂੰ ਚੜ੍ਹਾਇਓ। 24ਏਸੇ ਤਰਾਂ ਤੁਸੀਂ
ਸੱਤਾਂ ਦਿਨਾਂ ਤੀਕ ਯਹੋਵਾਹ ਲਈ ਪਰਸ਼ਾਦ ਚੜ੍ਹਾਇਓ ਜਿਹੜਾ ਸੁਗੰਧਤਾ ਦੀ ਅੱਗ ਦੀ ਭੇਟ
ਹੋਵੇ ਅਤੇ ਏਹ ਅਖੰਡ ਹੋਮ ਬਲੀ ਅਤੇ ਪੀਣ ਦੀ ਭੇਟ ਦੇ ਬਿਨਾ ਚੜ੍ਹਾਇਆ ਜਾਵੇ। 25ਸੱਤਵੇਂ
ਦਿਨ ਤੁਹਾਡੀ ਪਵਿੱਤ੍ਰ ਸਭਾ ਹੋਵੇ। ਉਸ ਵਿੱਚ ਤੁਸੀਂ ਕੋਈ ਕੰਮ ਧੰਦਾ ਨਾ ਕਰਨਾ।**

**ਆਇਤ 16.** ਰੋਜ਼ਾਨਾ, ਹਫ਼ਤੇਵਾਰ ਅਤੇ ਮਹੀਨੇਵਾਰ ਭੇਟਾਂ ਦੀ ਸਾਰੀ ਜਾਣਕਾਰੀ ਦੇਣ ਤੋਂ ਬਾਅਦ, ਪਰਮੇਸ਼ੁਰ ਨੇ ਉਨ੍ਹਾਂ ਭੇਟਾਂ ਦੇ ਲਈ ਹਦਾਇਤਾਂ ਦਿੱਤੀਆਂ ਜੋ ਸਾਲਾਨਾ ਪਰਬਾਂ ਤੇ ਚੜ੍ਹਾਈਆਂ ਜਾਣੀਆਂ ਸਨ।[7] ਪਹਿਲਾ ਸਾਲਾਨਾ ਪਰਬ ਜਿਸ ਦਾ ਜ਼ਿਕਰ ਕੀਤਾ ਗਿਆ ਹੈ ਉਹ **ਪਸਾਹ** ਹੈ, ਜੋ ਕਿ ਮਿਸਰ ਤੋਂ ਇਸਰਾਏਲੀਆਂ ਦੇ ਛੁਟਕਾਰੇ ਦੀ ਯਾਦ ਵਿਚ **ਪਹਿਲੇ ਮਹੀਨੇ ਦੇ ਚੌਧਵੇਂ ਦਿਨ** ਮਨਾਇਆ ਜਾਂਦਾ ਸੀ (ਵੇਖੋ ਕੂਚ 12; 13)। ਇਸਰਾਏਲੀਆਂ ਕੋਲ ਧਾਰਮਿਕ ਅਤੇ ਸਮਾਜਿਕ ਦੋਵੇਂ ਕਲੰਡਰ ਸਨ। ਉਨ੍ਹਾਂ ਦੇ ਧਾਰਮਿਕ ਕਲੰਡਰ ਦਾ ਪਹਿਲਾ ਮਹੀਨਾ (ਵੇਖੋ ਕੂਚ 12:2) ਅਬੀਬ ਦਾ ਮਹੀਨਾ ਸੀ (ਬਾਅਦ ਵਿਚ ਇਸ ਨੂੰ ਬਾਬੁਲ ਦੇ ਲੋਕਾਂ ਨੇ ਨਿਸਾਨ ਕਹਿ ਕੇ ਬੁਲਾਇਆ ਸੀ) ਜਿਹੜਾ ਕਿ ਸਾਡੇ ਕਲੰਡਰ ਅਨੁਸਾਰ ਲਗਭਗ ਮਾਰਚ/ਅਪ੍ਰੈਲ ਵਿਚ ਆਉਂਦਾ ਸੀ।

ਸਮਾਜਿਕ ਕਲੰਡਰ ਦਾ ਪਹਿਲਾ ਮਹੀਨਾ, ਧਾਰਮਿਕ ਕਲੰਡਰ ਦੇ ਅਨੁਸਾਰ ਸਤਵਾਂ ਮਹੀਨਾ, ਟਿਸ਼ਰੀ (ਸਤੰਬਰ/ਅਕਤੂਬਰ) ਸੀ। ਇਹ ਕਿ ਇਸਰਾਏਲੀਆਂ ਦਾ ਇਕ ਧਾਰਮਿਕ ਅਤੇ ਇਕ ਸਮਾਜਿਕ ਕਲੰਡਰ ਦੋਵੇਂ ਸਨ ਇੰਨਾ ਅਜੀਬ ਨਹੀਂ ਜਾਪਣਾ ਚਾਹੀਦਾ। ਅੱਜ, ਬਹੁਤ ਸਾਰੇ ਲੋਕਾਂ ਦੇ ਜੀਵਨ ਨਾ ਸਿਰਫ ਸਾਲ ਦੇ ਕਲੰਡਰ (ਜਨਵਰੀ-ਦਸੰਬਰ) ਅਨੁਸਾਰ ਚੱਲਦੇ ਹਨ, ਪਰ ਸਕੂਲ ਦੇ ਸਾਲ (ਸ਼ਾਇਦ ਅਗਸਤ-ਮਈ) ਦੇ ਅਨੁਸਾਰ ਵੀ ਚੱਲਦੇ ਹਨ; ਇਸ ਤੋਂ ਇਲਾਵਾ, ਬਹੁਤ ਸਾਰੇ ਕਾਰੋਬਾਰ ਕਈ ਵਾਰ ਸਾਲ ਦੇ ਕਲੰਡਰ (ਸ਼ਾਇਦ ਜੁਲਾਈ-ਜੂਨ) ਤੋਂ ਇਲਾਵਾ ਵਿੱਤੀ ਸਾਲ ਦੇ ਅਨੁਸਾਰ ਕੰਮ ਕਰਦੇ ਹਨ। ਇਸਰਾਏਲ ਦਾ ਸਮਾਜਿਕ ਕਲੰਡਰ ਬੀਜਣ ਅਤੇ ਵੱਢਣ ਦੇ ਖੇਤੀਬਾੜੀ ਮੌਸਮਾਂ ਤੇ ਆਧਾਰਿਤ ਹੁੰਦਾ ਸੀ, ਜਿਵੇਂ ਕਿ ਗਜ਼ਰ ਕਲੰਡਰ ਵਿਚ ਦੱਸਿਆ ਗਿਆ ਸੀ।[8]

ਪਸਾਹ ਤੇ ਚੜ੍ਹਾਈਆਂ ਜਾਣ ਵਾਲੀਆਂ ਭੇਟਾਂ ਸੰਬੰਧੀ ਇਸ ਹਵਾਲੇ ਵਿਚ ਕੋਈ ਵਿਵਰਣ ਨਹੀਂ ਦਿੱਤੇ ਗਏ ਹਨ। ਇੱਥੇ ਪਰਮੇਸ਼ੁਰ ਨੇ ਇਸ ਪਵਿੱਤਰ ਦਿਨ ਤੇ ਚੜ੍ਹਾਈਆਂ ਜਾਣ ਵਾਲੀਆਂ ਭੇਟਾਂ ਦੀ ਗੱਲ ਕਿਉਂ ਨਹੀਂ ਸੀ ਕੀਤੀ? ਸ਼ਾਇਦ ਪਹਿਲਾਂ ਦਿੱਤੀਆਂ ਗਈਆਂ ਹਦਾਇਤਾਂ ਕਾਫੀ ਸਨ, ਜਾਂ ਸ਼ਾਇਦ ਪਸਾਹ ਦੇ ਚੜ੍ਹਾਈਆਂ ਜਾਣ ਵਾਲੀਆਂ ਭੇਟਾਂ ਵਿਅਕਤੀਗਤ ਪਰਿਵਾਰਾਂ ਦੁਆਰਾ ਚੜ੍ਹਾਈਆਂ ਗਈਆਂ ਸਨ ਅਤੇ ਇਸ ਲਈ ਉਸ ਤਰ੍ਹਾਂ ਦੀਆਂ ਭੇਟਾਂ ਨਹੀਂ ਸਨ ਜਿਨ੍ਹਾਂ ਦੀ ਚਰਚਾ ਪਰਮੇਸ਼ੁਰ ਇਸ ਭਾਗ ਵਿਚ ਕਰ ਰਿਹਾ ਸੀ। ਜਿਵੇਂ ਕਿ ਸ਼ੁਰੂ ਵਿਚ ਇਸ ਦੀ ਸਥਾਪਨਾ ਦੇ ਸਮੇਂ ਸੀ, ਪਸਾਹ ਪਰਿਵਾਰਾਂ ਦੁਆਰਾ ਉਨ੍ਹਾਂ ਦੇ ਆਪਣੇ-ਆਪਣੇ ਘਰਾਂ ਵਿਚ ਮਨਾਇਆ ਜਾਣਾ ਸੀ।

**ਆਇਤ 17.** ਪਸਾਹ ਤੋਂ ਬਾਅਦ **ਪਤੀਰੀ ਰੋਟੀ ਦਾ ਪਰਬ** ਆਉਂਦਾ ਸੀ ਜੋ ਕਿ ਹੋਰ **ਸੱਤ ਦਿਨ** ਤੀਕ ਚੱਲਦਾ ਸੀ, ਮਹੀਨੇ ਦੇ **ਪੰਦਰਵੇਂ** ਦਿਨ ਤੋਂ ਲੈ ਕੇ ਪਹਿਲੇ ਮਹੀਨੇ ਦੇ ਇੱਕੀਵੇਂ **ਦਿਨ** (ਅਬੀਬ; ਕੂਚ 23:15; 34:18; ਲੇਵੀਆਂ 23:6), ਜੌਂ ਦੀ ਵਾਢੀ ਦੇ ਸ਼ੁਰੂ ਤੱਕ। ਪਸਾਹ ਦੀ ਤਰ੍ਹਾਂ, ਇਹ ਇਸਰਾਏਲੀਆਂ ਦੇ ਛੁਟਕਾਰੇ ਦੀ ਯਾਦ ਵਿਚ ਮਨਾਇਆ ਜਾਂਦਾ ਸੀ। ਇਸ ਦਾ ਨਾਂ ਉਸ ਮੌਕੇ ਨੂੰ ਯਾਦ ਕਰਾਉਂਦਾ ਹੈ ਜਦੋਂ ਇਸਰਾਏਲੀ ਮਿਸਰ ਨੂੰ ਛੱਡ ਕੇ ਉੱਥੋਂ ਇੰਨੀ ਜਲਦੀ ਨਾਲ ਨਿੱਕਲੇ ਸਨ ਕਿ ਉਨ੍ਹਾਂ ਨੇ ਜੋ ਰੋਟੀ ਆਪਣੇ ਨਾਲ ਲਈ ਸੀ "ਪਤੀਰੀ" ਸੀ (ਕੂਚ 12:39)। ਪਸਾਹ ਅਤੇ ਪਤੀਰੀ ਰੋਟੀ ਦੇ ਪਰਬ ਇਕ ਦੂਜੇ ਨਾਲ ਇੰਨੇ ਨੇੜਿਓਂ ਜੁੜੇ ਸਨ ਕਿ ਉਨ੍ਹਾਂ ਨੂੰ ਕਈ ਵਾਰ ਇੱਕੋ ਸਮਝਿਆ ਜਾਂਦਾ ਹੈ।

"ਪਤੀਰੀ ਰੋਟੀ ਦਾ ਪਰਬ" ਉਨ੍ਹਾਂ ਤਿੰਨ ਪਰਬਾਂ ਵਿੱਚੋਂ ਇਕ ਹੈ ਜਿਨ੍ਹਾਂ ਦਾ ਜ਼ਿਕਰ ਕੂਚ 23:14-17 ਵਿਚ ਕੀਤਾ ਗਿਆ ਸੀ ਜਿਸ ਵਿਚ ਇਸਰਾਏਲੀ ਨਰਾਂ ਨੇ "ਪ੍ਰਭੂ ਯਹੋਵਾਹ ਅੱਗੇ ਹਾਜ਼ਰ" ਹੋਣਾ ਸੀ (ਕੂਚ 23:17)। ਬਾਕੀ ਦੋ ਪਰਬ "ਪਹਿਲੇ ਫਲਾਂ ਦੀ ਵਾਢੀ ਦਾ ਪਰਬ" (ਜਾਂ "ਹਫ਼ਤਿਆਂ ਦਾ ਪਰਬ," ਜਾਂ "ਪੈਂਟੀਕਾਸਟ") ਅਤੇ "ਇਕੱਠਾ ਕਰਨ ਦਾ ਪਰਬ" (ਜਾਂ "ਡੇਰਿਆਂ ਦਾ ਪਰਬ")।

**ਆਇਤਾਂ 18-25.** ਇਸ ਭਾਗ ਦੇ ਅਨੁਸਾਰ, ਪਤੀਰੀ ਰੋਟੀ ਦੇ ਪਰਬ ਦੇ ਲਈ ਪਰਮੇਸ਼ੁਰ ਦੀਆਂ ਸ਼ਰਤਾਂ ਹੇਠ ਲਿਖੀਆਂ ਸਨ:

1. ਸੱਤ ਦਿਨ ਤੀਕ "ਪਤੀਰੀ ਰੋਟੀ" ਖਾਣਾ (28:17)।
2. **ਇੱਕ ਪਵਿੱਤ੍ਰ ਸਭਾ** ਕਰਨਾ ਅਤੇ ਪਰਬ ਦੇ ਪਹਿਲੇ ਅਤੇ ਸੱਤਵੇਂ ਦਿਨ **ਕੋਈ ਕੰਮ ਧੰਦਾ** ਕਰਨ ਤੋਂ ਪਰਹੇਜ਼ ਕਰਨਾ (28:18, 25)।
3. ਸੱਤ ਦਿਨ ਤੀਕ ਹੋਮ ਦੀ ਬਲੀ ਚੜ੍ਹਾਉਣਾ - ਜਿਸ ਵਿਚ ਦੋ ਵਹਿੜੇ, ਇੱਕ ਛੱਤ੍ਰਾ ਅਤੇ ਸੱਤ ਇੱਕ ਸਾਲੇ ਲੇਲੇ ... ਬੱਜ ਤੋਂ ਰਹਿਤ, ਮੈਦੇ, ਤੇਲ ਅਤੇ ਪੀਣ ਦੀ ਭੇਟ

[ਭੇਟਾਂ] ਨਾਲ - ਨਾਲੇ ਪਾਪ ਦੀ ਬਲੀ ਲਈ ਇੱਕ ਬੱਕਰਾ ਸ਼ਾਮਲ ਸਨ।

"ਸਭਾ" (מִקְרָא, *ਮਿਕਰਾ)* ਸ਼ਬਦ ਦਾ ਅਰਥ "ਇਕ ਬੁਲਾਹਟ (ਇਕੱਠਿਆਂ ਮਿਲ ਕੇ)" ਹੁੰਦਾ ਹੈ ਅਤੇ ਇਹ ਇਕ ਸਭਾ ਜਾਂ ਮੰਡਲੀ ਦਾ ਹਵਾਲਾ ਦਿੰਦਾ ਹੈ। NIV ਬਾਈਬਲ 28:18 ਦਾ ਅਨੁਵਾਦ ਇਸ ਤਰ੍ਹਾਂ ਕਰਦੀ ਹੈ, "ਪਹਿਲੇ ਦਿਨ ਇਕ ਪਵਿੱਤਰ ਸਭਾ ਕਰਨਾ ਅਤੇ ਕੋਈ ਵੀ ਕੰਮ ਨਾ ਕਰਨਾ ਜੋ ਤੁਸੀਂ ਰੋਜ਼ਾਨਾ ਕਰਦੇ ਹੋ।" "ਕੋਈ ਵੀ ਕੰਮ ਨਾ ਕਰਨਾ ਜੋ ਤੁਸੀਂ ਰੋਜ਼ਾਨਾ ਕਰਦੇ ਹੋ" ਇਹ ਦੱਸਦਾ ਹੈ ਕਿ ਲੋਕਾਂ ਨੇ ਉਹ ਕੰਮ ਕਰਨ ਤੋਂ ਪਰਹੇਜ਼ ਕਰਨਾ ਸੀ ਜੋ ਉਹ ਆਮ ਤੌਰ ਤੇ ਰੋਜ਼ੀ ਰੋਟੀ ਕਮਾਉਣ ਦੇ ਲਈ ਕਰਦੇ ਸਨ।

**ਅਠਵਾਰਿਆਂ ਦੇ ਪਰਬ (28:26-31)**

**26ਪਹਿਲੇ ਫਲਾਂ ਦੇ ਦਿਨ ਜਦ ਤੁਸੀਂ ਆਪਣੇ ਅਠਵਾਰਿਆਂ ਦੇ ਪਰਬ ਵਿੱਚ ਯਹੋਵਾਹ
ਲਈ ਨਵੀਂ ਮੈਦੇ ਦੀ ਭੇਟ ਚੜ੍ਹਾਓ ਤਾਂ ਤੁਹਾਡੀ ਇੱਕ ਪਵਿੱਤ੍ਰ ਸਭਾ ਹੋਵੇ। ਤੁਸੀਂ ਕੋਈ ਕੰਮ
ਧੰਦਾ ਨਾ ਕਰਨਾ। 27ਤੁਸੀਂ ਯਹੋਵਾਹ ਲਈ ਸੁਗੰਧਤਾ ਦੀ ਹੋਮ ਦੀ ਬਲੀ ਚੜ੍ਹਾਇਓ ਅਰਥਾਤ
ਦੋ ਵਹਿੜ੍ਹੇ, ਇੱਕ ਛੱਤ੍ਰਾ ਅਤੇ ਸੱਤ ਇੱਕ ਸਾਲੇ ਲੇਲੇ। 28ਨਾਲੇ ਉਨ੍ਹਾਂ ਦੀ ਤੇਲ ਮਿਲੇ ਹੋਏ ਮੈਦੇ
ਦੀ ਭੇਟ। ਹਰ ਵਹਿੜੇ ਲਈ ਤਿੰਨ ਦਸਵੰਧ ਅਤੇ ਹਰ ਛੱਤ੍ਰੇ ਲਈ ਦੋ ਦਸਵੰਧ। 29ਉਨ੍ਹਾਂ ਸੱਤਾਂ
ਲੇਲਿਆਂ ਵਿੱਚੋਂ ਹਰ ਲੇਲੇ ਲਈ ਇੱਕ ਦਸਵੰਧ। 30ਨਾਲੇ ਇੱਕ ਬੱਕਰਾ ਤੁਹਾਡੇ ਪਰਾਸਚਿਤ
ਲਈ ਚੜ੍ਹਾਇਆ ਜਾਵੇ। 31ਅਖੰਡ ਹੋਮ ਬਲੀ ਅਤੇ ਉਸ ਦੇ ਮੈਦੇ ਦੀ ਭੇਟ ਤੋਂ ਬਿਨਾ ਤੁਸੀਂ
ਉਨ੍ਹਾਂ ਨੂੰ ਜਿਹੜੇ ਬੱਜ ਤੋਂ ਰਹਿਤ ਹੋਣ ਅਤੇ ਉਨ੍ਹਾਂ ਦੇ ਪੀਣ ਦੀਆਂ ਭੇਟਾਂ ਚੜ੍ਹਾਇਆ ਕਰੋ।**

**ਆਇਤ 26.** ਦੂਜਾ ਸਾਲਾਨਾ ਪਰਬ ਜਿਸ ਦੀ ਇਸ ਅਧਿਆਇ ਵਿਚ ਚਰਚਾ ਕੀਤੀ ਗਈ ਹੈ ਉਸ ਨੂੰ **ਪਹਿਲੇ ਫਲਾਂ ਦਾ ਦਿਨ**, ਜਾਂ **ਅਠਵਾਰਿਆਂ ਦਾ ਪਰਬ** ਆਖਿਆ ਗਿਆ ਹੈ। ਪਸਾਹ ਦੇ ਬਾਅਦ ਆਉਣ ਵਾਲੇ ਸੱਤ ਹਫ਼ਤੇ (ਉਣੰਜਾ ਦਿਨ), ਨਵੇਂ ਨੇਮ ਦੇ ਸਮਿਆਂ ਵਿਚ ਇਸ ਨੂੰ "ਪੈਂਟੀਕਾਸਟ" (πεντηκοστή*, ਪੈਂਟੀਕੋਸਟੇ*, "ਪੰਜਾਹ") ਵਜੋਂ ਜਾਣਿਆ ਜਾਂਦਾ ਸੀ (ਰਸੂਲਾਂ ਦੇ ਕਰਤੱਬ 2:1; 20:16)। ਕੂਚ 23:16 ਵਿਚ ਇਸ ਨੂੰ "ਪਹਿਲੇ ਫਲਾਂ ਦੀ ਵਾਢੀ ਦਾ ਪਰਬ" ਕਿਹਾ ਗਿਆ ਸੀ (ਵੇਖੋ ਲੇਵੀਆਂ 23:15-21; ਬਿਵਸਥਾ ਸਾਰ 16:9-12)।[9] ਇਸਰਾਏਲੀਆਂ ਨੇ ਇਹ ਪਰਬ ਇਕ **ਪਵਿੱਤਰ ਸਭਾ** ਦੇ ਤੌਰ ਤੇ ਮਨਾਉਣਾ ਸੀ ਅਤੇ **ਕੋਈ ਕੰਮ ਧੰਦਾ** ਨਹੀਂ ਸੀ ਕਰਨਾ।

**ਆਇਤਾਂ 27-31.** ਪਰਬ ਦੇ ਦਿਨ, ਉਨ੍ਹਾਂ ਦੀ **ਹੋਮ ਦੀ ਬਲੀ** [ਬਲੀਆਂ] ਵਿਚ **ਦੋ ਵਹਿੜੇ**, **ਇੱਕ ਛੱਤ੍ਰਾ** ਅਤੇ **ਸੱਤ ਲੇਲੇ** ਸ਼ਾਮਲ ਹੋਣੇ ਸਨ। ਹਰੇਕ ਪਸ਼ੂ **ਬੱਜ ਤੋਂ ਰਹਿਤ** ਹੋਣਾ ਸੀ ਅਤੇ ਉਚਿਤ **ਮੈਦੇ ਦੀ ਭੇਟ** [ਭੇਟਾਂ] ਅਤੇ **ਪੀਣ ਦੀਆਂ ਭੇਟਾਂ** ਦੇ ਨਾਲ **ਚੜ੍ਹਾਇਆ** ਜਾਣਾ ਸੀ। ਲੋਕਾਂ ਦੇ **ਪਰਾਸਚਿਤ** ਦੇ ਲਈ ਇੱਕ ਬੱਕਰਾ ਚਾਹੀਦਾ ਸੀ। ਫੇਰ, ਇਹ ਮੰਗਾਂ **ਅਖੰਡ ਹੋਮ ਬਲੀ** ਤੋਂ ਇਲਾਵਾ ਸਨ।

# ਪ੍ਰਾਸੰਗਿਕਤਾ

**ਯਹੋਵਾਹ ਦੇ ਲਈ ਭੇਟਾਂ (ਅਧਿਆਇ 28; 29)**

"ਅਖੰਡ ਹੋਮ ਬਲੀ" - ਹਰ ਰੋਜ਼ ਇਕ ਦਿਨ ਵਿਚ ਦੋ ਵਾਰ ਚੜ੍ਹਾਈ ਜਾਂਦੀ ਸੀ - ਗਵਾਹੀ ਦਿੰਦੀ ਸੀ ਕਿ ਇਸਰਾਏਲੀ ਲੋਕ ਯਹੋਵਾਹ ਦੇ ਲਈ ਇਕ ਸਮਰਪਿਤ ਪਰਜਾ ਸਨ। ਉਨ੍ਹਾਂ

ਰੋਜ਼ਾਨਾਂ ਦੀਆਂ ਭੇਟਾਂ ਦਾ ਅਧਿਐਨ ਮਸੀਹੀ ਲੋਕਾਂ ਦੇ ਲਈ ਨਿੱਤ, ਹਰ ਰੋਜ਼ ਪਰਮੇਸ਼ੁਰ ਦੀ ਬੰਦਗੀ ਅਤੇ ਸੇਵਾ ਕਰਨ ਦੀ ਇਕ ਚੁਣੌਤੀ ਪੇਸ਼ ਕਰਦਾ ਹੈ। "ਘੱਟੋ-ਘੱਟ ਹਰ ਸਵੇਰ ਅਤੇ ਸ਼ਾਮ ਨੂੰ ਪ੍ਰਾਰਥਨਾ ਕੀਤੀ ਜਾਣੀ ਚਾਹੀਦੀ ਹੈ: ਸੱਚਮੁੱਚ, ਉਸਤਤ ਅਤੇ ਧੰਨਵਾਦ ਦੇ ਦੁਹਰਾਏ ਜਾਣ ਵਾਲੇ ਕਾਰਜਾਂ ਦੇ ਰਾਹੀਂ ਪੂਰਾ ਜੀਵਨ ਪਰਮੇਸ਼ੁਰ ਨੂੰ ਸਮਰਪਿਤ ਹੋਣਾ ਚਾਹੀਦਾ ਹੈ (ਤੁਲਨਾ ਕਰੋ ਰੋਮੀਆਂ 12:1; 1 ਥੱਸਲੁਨੀਕੀਆਂ 5:16-18)।"[10]

ਪੁਰਾਣੇ ਨੇਮ ਦੀਆਂ ਭੇਟਾਂ ਦਾ ਨਵੇਂ ਨੇਮ ਵਿਚ ਅਕਸਰ ਜ਼ਿਕਰ ਕੀਤਾ ਗਿਆ ਹੈ ਜਾਂ ਹਵਾਲਾ ਦਿੱਤਾ ਗਿਆ ਹੈ। ਇਬਰਾਨੀਆਂ ਦੀ ਪੱਤ੍ਰੀ ਪੁਰਾਣੇ ਨੇਮ ਦੀਆਂ ਭੇਟਾਂ ਦਾ ਵਰਣਨ ਕਰਦੀ ਹੈ ਅਤੇ ਜ਼ੋਰ ਦਿੰਦੀ ਹੈ ਕਿ ਉਨ੍ਹਾਂ ਨੇ ਪਾਪਾਂ ਨੂੰ ਦੂਰ ਨਹੀਂ ਕੀਤਾ (ਇਬਰਾਨੀਆਂ 10:1-4)। ਬਜਾਇ ਇਸ ਦੇ, ਉਹ ਮਸੀਹ ਦੀ ਮੌਤ ਅਰਥਾਤ ਸੰਪੂਰਨ ਬਲੀਦਾਨ ਦਾ ਪਰਛਾਵਾਂ ਸਨ (ਇਬਰਾਨੀਆਂ 10:9-12)। "ਬੱਜ ਤੋਂ ਰਹਿਤ" ਲੇਲਿਆਂ ਦੀਆਂ ਭੇਟਾਂ "ਪਰਮੇਸ਼ੁਰ ਦੇ ਲੇਲੇ," ਯਿਸੂ ਮਸੀਹ ਦੀ ਮੌਤ ਦੀ ਭਵਿੱਖਬਾਣੀ ਕਰਦੀਆਂ ਸਨ (ਯੂਹੰਨਾ 1:29, 36)। ਜਦ ਕਿ ਮਸੀਹੀ ਲੋਕ ਹੋਮ ਦੀਆਂ ਬਲੀਆਂ ਨਹੀਂ ਚੜ੍ਹਾਉਂਦੇ, ਅਸੀਂ ਪਰਮੇਸ਼ੁਰ ਦੇ ਅੱਗੇ ਆਪਣੇ ਜੀਵਨਾਂ ਦਾ ਬਲੀਦਾਨ ਚੜ੍ਹਾਉਣਾ ਹੈ (ਰੋਮੀਆਂ 12:1; ਫ਼ਿਲਿੱਪੀਆਂ 4:18; ਇਬਰਾਨੀਆਂ 13:15)।

ਜਦ ਕਿ ਗਿਣਤੀ 28; 29 ਵਿਖਾਉਂਦੇ ਹਨ ਕਿ ਭੇਟਾਂ ਅਤੇ ਉਨ੍ਹਾਂ ਨਾਲ ਜੁੜੀਆਂ ਰਸਮਾਂ ਇਸਰਾਏਲੀਆਂ ਦੇ ਜੀਵਨ ਦੇ ਲਈ ਮਹੱਤਵਪੂਰਣ ਸਨ, ਇਨ੍ਹਾਂ ਬੰਦਾਂ ਦੀ ਵਿਆਖਿਆ ਇਸ ਅਰਥ ਨਾਲ ਨਹੀਂ ਕਰਨੀ ਚਾਹੀਦੀ ਕਿ ਰਸਮਾਂ ਮੂਸਾ ਦੀ ਸ਼ਰਾ ਅਧੀਨ ਸਭ ਤੋਂ ਮਹੱਤਵਪੂਰਣ ਸਨ। 1 ਸਮੂਏਲ 15:22 ਵਰਗੇ ਵਚਨ ਸਾਨੂੰ ਸਿਖਾਉਂਦੇ ਹਨ ਕਿ "ਮੰਨਣਾ ਭੇਟਾਂ ਚੜ੍ਹਾਉਣ ਨਾਲੋਂ ਚੰਗਾ ਹੈ" ਅਤੇ ਨਬੀਆਂ ਨੇ ਸਿਖਾਇਆ ਸੀ ਕਿ ਧਰਮੀ ਜੀਵਨ ਜੀਉਣ ਤੋਂ ਬਿਨ੍ਹਾਂ ਰਸਮਾਂ ਨੂੰ ਪੂਰਾ ਕਰਨ ਦਾ ਕੋਈ ਫਾਇਦਾ ਨਹੀਂ ਸੀ (ਯਸਾਯਾਹ 1:10-17; ਹੋਸ਼ੇਆ 6:6; ਆਮੋਸ 5:22-24)। ਉਸੇ ਤਰ੍ਹਾਂ, ਨਵੇਂ ਨੇਮ ਦੇ ਅਧੀਨ ਵਚਨ ਅਨੁਸਾਰ ਪਰਮੇਸ਼ੁਰ ਦੀ ਬੰਦਗੀ ਕਰਨਾ ਮਹੱਤਵਪੂਰਣ ਹੈ, ਪਰ ਇਹੋ *ਸਭ* ਕੁਝ ਨਹੀਂ ਹੈ ਜੋ ਪਰਮੇਸ਼ੁਰ ਚਾਹੁੰਦਾ ਹੈ। ਪਰਮੇਸ਼ੁਰ ਚਾਹੁੰਦਾ ਹੈ ਕਿ ਮਸੀਹੀ ਲੋਕ ਹਰ ਗੱਲ ਵਿਚ ਉਸ ਦੀ ਆਗਿਆ ਨੂੰ ਮੰਨਣ; ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਹਰ ਰੋਜ਼, ਹਰ ਸਮੇਂ ਆਗਿਆਕਾਰੀ ਵਾਲਾ ਅਤੇ ਧਰਮੀ ਜੀਵਨ ਬਤੀਤ ਕਰੀਏ ਨਾ ਕਿ ਸਿਰਫ ਉਦੋਂ ਜਦੋਂ ਅਸੀਂ ਉਸ ਦੀ ਬੰਦਗੀ ਕਰਦੇ ਹਾਂ।

---

## ਟਿੱਪਣੀਆਂ

[1]ਉਦਾਹਰਣ ਦੇ ਲਈ, ਅਜਿਹੀਆਂ ਬਿਧੀਆਂ ਕੂਚ 12; 13; 29; ਲੇਵੀਆਂ 1-7; 16; 23 ਅਤੇ ਗਿਣਤੀ 15 ਵਿਚ ਮਿਲਦੀਆਂ ਹਨ। [2]"ਡੇਰਿਆਂ ਦਾ ਪਰਬ" ਨਾਂ KJV ਬਾਈਬਲ ਵਿਚ ਵਰਤਿਆ ਗਿਆ ਹੈ (ਉਦਾਹਰਣ ਦੇ ਲਈ, ਵੇਖੋ ਲੇਵੀਆਂ 23:34; ਬਿਵਸਥਾ ਸਾਰ 16:13, 16; 31:10)। [3]ਗੋਰਡਨ ਜੇ. ਵੈਨਹਮ ਦੀ ਪੁਸਤਕ, *ਗਿਣਤੀ*, ਦ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੇਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ਾ 198 ਤੇ। [4]ਰੋਏ ਗੇਨ ਦੀ ਪੁਸਤਕ *ਲੇਵੀਆਂ ਦੀ ਪੋਥੀ, ਗਿਣਤੀ* ਦ ਐਨਆਈਵੀ ਐਪਲੀਕੇਸ਼ਨ ਕਮੈਂਟਰੀ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2004) ਵਿਚ ਸਫ਼ੇ 750, 51 ਤੇ। [5]ਟਿਮੋਥੀ ਆਰ. ਐਸ਼ਲੀ, *ਦ ਬੁੱਕ ਆਫ਼ ਗਿਣਤੀ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1993) ਵਿਚ ਸਫ਼ਾ 565 ਤੇ। [6]ਵੈਨਹਮ, 200. ਵੇਖੋ 1 ਇਤਹਾਸ 23:31; 2 ਇਤਹਾਸ 2:4; 8:13; 31:3; ਅਜ਼ਰਾ 3:5; ਨਹਮਯਾਹ 10:33; ਯਸਾਯਾਹ 1:13, 14; 66:23; ਹਿਜ਼ਕੀਏਲ 45:17; 46:1, 3; ਹੋਸ਼ੇਆ 2:11. [7]ਇਸਰਾਏਲ ਦੇ ਪਰਬ ਦੇ ਦਿਨਾਂ ਬਾਰੇ ਜਾਣਕਾਰੀ ਦਾ ਖੁਲਾਸਾ ਕੋਏ ਰੋਪਰ ਦੀ ਪੁਸਤਕ, *ਕੂਚ*, ਟਰੁੱਥ ਫ਼ਾਰ ਟੂਡੇ ਕਮੈਂਟਰੀ (ਸਰਸੀ, ਆਰਕੈਨਸਸ: ਰੀਸੋਰਸ ਪਬਲੀਕੇਸ਼ਨਜ਼, 2008) ਵਿਚ ਸਫ਼ੇ 386-87 ਤੇ ਕੀਤਾ ਗਿਆ ਹੈ। [8]ਵਧੇਰੇ ਜਾਣਕਾਰੀ ਦੇ ਲਈ, ਜੀ. ਅਰਨੈਸਟ ਰਾਈਟ ਦੀ ਪੁਸਤਕ, *ਬਿਬਲੀਕਲ ਆਰਕੀਓਲੋਜੀ*, ਸੋਧ ਅਤੇ ਵਿਸਥਾਰ

(ਫਿਲਾਡੈਲਫੀਆ: ਵੈਸਟਮਿੰਸਟਰ ਪ੍ਰੈਸ, 1962) ਦੇ ਸਫ਼ੇ 183-86 ਵੇਖੋ। [9]ਰੋਨਲਡ ਐਫ. ਯੰਗਬਲੱਡ ਨੇ ਦੱਸਿਆ ਸੀ ਕਿ ਪਰਬ ਕਣਕ ਦੀ ਵਾਢੀ ਦੌਰਾਨ ਤੀਜੇ ਮਹੀਨੇ (ਮਈ ਦੇ ਅੱਧ ਤੋਂ ਜੂਨ ਦੇ ਅੱਧ ਤੀਕ) ਸਿਵਾਨ ਦੇ ਛੇਵੇ ਦਿਨ ਮਨਾਇਆ ਜਾਂਦਾ ਸੀ। (ਰੋਨਲਡ ਐਫ. ਯੰਗਬਲੱਡ ਦੀ ਪੁਸਤਕ, *ਰੂਥ*, ਐਵਰੀਮੈਨਜ ਬਾਈਬਲ ਕਮੈਂਟਰੀ [ਸ਼ਿਕਾਗੋ: ਮੂਡੀ ਪ੍ਰੈਸ ਇੰਸਟੀਟਿਊਟ, 1983] ਦੇ ਸਫ਼ੇ 107-8 ਤੇ।) [10]ਵੈਨਹਮ, 200.